ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਐਸ ਏ ਐਸ ਨਗਰ

ਅਮਲਾ-1 ਸਾਖਾ

ਵੱਲ,

1. ਮੰਡਲ ਸਿੱਖਿਆ ਅਫਸਰ ਮਿਤੀ ਬੱਧ
   ਨਾਭਾ,ਜਲੰਧਰ,ਫਰੀਦਕੋਟ
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ)
3. ਸਮੂਹ ਪ੍ਰਿੰਸੀਪਲ /ਮੁੱਖ ਅਧਿਆਪਕ

ਮੀਮੋ ਨੰ:-11/24-2012 ਅ1(3-5-6)

ਮਿਤੀ ਐਸ.ਏ ਐਸ ਨਗਰ:-24-12-2012

ਵਿਸ਼ਾ:- ਮਾਸਟਰ ਤੋਂ ਲੈਕਚਰਾਰ ਅਤੇ ਮਾਸਟਰ ਤੋਂ ਮੁੱਖ ਅਧਿਆਪਕ ਦੇ ਲੈਫਟ ਆਊਟ ਕੇਸ ਮਿਤੀ 31-12-2012 ਤੱਕ ਭੇਜਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਮੀਮੋ ਨੰ11/24-2012 ਅ1(3-5-65) ਮਿਤੀ 02-12-12 ਦੇ ਸਬੰਧ ਵਿੱਚ ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਂਹੀ ਆਪ ਪਾਂਸੋਂ ਮਿਤੀ 07-12-2012 ਤੱਕ ਮਾਸਟਰ ਤੋਂ ਲੈਕਚਰਾਰ ਦੀ ਤਰੱਕੀ ਦੇ ਲੈਫਟ ਆਊਟ ਕੇਸ ਭੇਜਣ ਦੀ ਹਦਾਇਤ ਕੀਤੀ ਗਈ ਅਤੇ ਨਾਲ ਹੀ ਇਹ ਹਦਾਇਤ ਵੀ ਕੀਤੀ ਗਈ ਸੀ ਕਿ ਇਸ ਸਬੰਧੀ ਕੋਈ ਵੀ ਕੇਸ ਆਪਣੇ ਜਿਲ੍ਹੇ ਵਿੱਚ ਪੈਡਿੰਗ ਨਾ ਹੋਣ ਦਾ ਸਰਟੀਫਿਕੇਟ ਵੀ ਦਿੱਤਾ ਜਾਵੇ, ਪਰ ਬੜੇ ਖੇਦ ਦੀ ਗੱਲ ਹੈ ਕਿ ਅਜੇ ਵੀ ਕਈ ਜਿਲਿਆਂ ਵਲੋਂ ਕੇਸ ਨਹੀ ਭੇਜੇ ਗਏ ਅਤੇ ਨਾ ਹੀ ਸਰਟੀਫਿਕੇਟ ਭੇਜਿਆ ਗਿਆ ਹੈ । ਜਿਨ੍ਹਾ ਜਿਲ੍ਹਿਆ ਵਲੋਂ ਕੇਸ ਭੇਜ ਦਿੱਤੇ ਗਏ ਹਨ ਉਨ੍ਹਾ ਵਲੋਂ ਫਿਰ ਥੋੜੇ -ਥੋੜੇ ਕੇਸ ਭੇਜੇ ਜਾ ਰਹੇ ਹਨ ।

ਹੁਣ ਆਪ ਨੂੰ ਆਖਰੀ ਮੋਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਆਪਦੇ ਅਧੀਨ ਕੋਈ ਵੀ ਲੈਫਟ ਆਊਟ ਕੇਸ ਮਾਸਟਰ ਤੋਂ ਲੈਕਚਰਾਰ ਜਾਂ ਮਾਸਟਰ ਤੋਂ ਮੁੱਖ ਅਧਿਆਪਕ ਦੀ ਤਰੱਕੀ ਲਈ ਪੈਡਿੰਗ ਹੈ ਉਹ ਮਿਤੀ 31-12-2012 ਤੱਕ ਹਰ ਹਾਲਤ ਵਿੱਚ ਇਸ ਦਫਤਰ ਵਿਖੇ ਪੁੱਜਦਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ **ਜਿਲ੍ਹੇ ਵਿੱਚ ਕਿਸੇ ਵੀ ਯੋਗ ਕਰਮਚਾਰੀ ਦਾ ਕੇਸ ਪੈਂਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ ਵੀ ਭੇਜਿਆ ਜਾਵੇ।** ਇਸ ਮਿਤੀ ਤੋਂ ਬਾਅਦ ਜੇਕਰ ਕੋਈ ਵੀ ਕੇਸ ਵਿਭਾਗ ਨੂੰ ਪ੍ਰਾਪਤ ਹੰਦਾਂ ਹੈ ਜਾਂ ਕਿਸੇ ਵੀ ਤਰਾਂ ਨਾਲ ਧਿਆਨ ਵਿੱਚ ਆਉਦਾਂ ਹੈ ਤਾਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਸ) ਅਤੇ ਸਬੰਧਤ ਪ੍ਰਿੰਸੀਪਲ ਵਿੱਰੁਧ ਸਖਤ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਸਹੀ/-

ਡਾ ਕਮਲ ਕੁਮਾਰ

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ),ਪੰਜਾਬ